1

# ਪੁਰਾਣੇ ਨੇਮ ਵਿਚ ਗੀਤ ਅਤੇ ਸਮਝ

*''ਤੂੰ ਤਾਂ ਬਲਿਦਾਨ ਨਾਲ ਪਰਸੰਨ ਨਹੀਂ ਹੁੰਦਾ, ਨਹੀਂ ਤਾਂ ਮੈਂ ਉਹ ਦਿੰਦਾ, ਹੋਮ ਬਲੀ ਤੋਂ ਤੂੰ ਖੁਸ਼ ਨਹੀਂ ਹੁੰਦਾ। ਪ੍ਰਮੇਸ਼ਵਰ ਦਾ ਬਲਿਦਾਨ ਟੁੱਟਾ ਹੋਇਆ ਆਤਮਾ ਹੈ, ਹੇ ਪ੍ਰਮੇਸ਼ਵਰ, ਟੁੱਟੇ ਅਤੇ ਆਜਿਜ਼ ਦਿਲ ਨੂੰ ਤੂੰ ਤੁੱਛ ਨਾ ਜਾਣੇਂਗਾ'' (ਜ਼ਬੂਰਾਂ ਦੀ ਪੋਥੀ 51:16, 17)।*

ਇਸ ਅਧਾਰ ਤੇ ਕਿ ਬਪਤਿਸਮੇ ਦੀ ਕਿਰਿਆ ਵਿਚ ਆਪਣੇ ਆਪ ਵਿਚ ਪਾਪ ਮਿਟਾਉਣ ਦੀ ਕੋਈ ਸ਼ਕਤੀ ਜਾਂ ਗੁਣ ਨਹੀਂ ਹੈ, ਕਈ ਲੋਕ ਇਸ ਨੂੰ ਰਸਮ ਜਾਂ ਧਾਰਮਿਕ ਰੀਤ ਤੋਂ ਵੱਧ ਕੁਝ ਨਹੀਂ ਮੰਨਦੇ। ਬਪਤਿਸਮੇ ਦੀ ਪ੍ਰਕ੍ਰਿਤੀ ਨੂੰ ਨਿਰਧਾਰਿਤ ਕਰਨ ਲਈ ਇਹ ਸਵਾਲ ਪੁੱਛਿਆ ਜਾਣਾ ਲਾਜ਼ਮੀ ਹੈ ਕਿ ''ਭਲਾ ਪੁਰਾਣੇ ਜਾਂ ਨਵੇਂ ਨੇਮ ਵਿਚ ਕੋਈ ਅਜਿਹਾ ਕਾਰਜ ਹੈ ਜਿਸ ਵਿਚ ਪ੍ਰਮੇਸ਼ਵਰ ਨਾਲ ਸਬੰਧ ਬਣਾਉਣ ਲਈ ਬਿਨਾਂ ਕਿਸੇ ਉਦੇਸ਼ ਦੇ ਕੋਈ ਰਸਮ, ਸੈਕਰਾਮੈਂਟ [ਧਾਰਮਿਕ ਰਵਾਇਤ] ਜਾਂ ਰੀਤ ਹੋਵੇ? ਭਲਾ ਪ੍ਰਮੇਸ਼ਵਰ ਕਿਸੇ ਕਾਰਜ ਨੂੰ ਸਿਰਫ਼ ਇਸ ਲਈ ਕਬੂਲ ਕਰ ਲੈਂਦਾ ਹੈ ਕਿ ਇਹ ਆਪਣੇ ਆਪ ਵਿਚ ਕੋਈ ਕੰਮ ਹੈ, ਦਿਲ ਵਿਚ ਭਾਵੇਂ ਕੁਝ ਵੀ ਹੋਵੇ?

ਪ੍ਰਮੇਸ਼ਵਰ ਦੀ ਗੱਲ ਮੰਨਣ ਲਈ ਸਭ ਕੰਮਾਂ ਵਿਚ ਇੱਕੋ ਜਿਹੇ ਨਿਯਮ ਨਹੀਂ ਹੁੰਦੇ। ਪ੍ਰਮੇਸ਼ਵਰ ਦੀ ਨਜ਼ਰ ਵਿਚ ਕਬੂਲ ਹੋਣ ਲਈ ਜਾਂ ਪ੍ਰਮੇਸ਼ਵਰ ਤੋਂ ਬਰਕਤ ਪਾਉਣ ਲਈ ਘੱਟੋ ਘੱਟ ਪੰਜ ਨਿਯਮ ਲਾਜ਼ਮੀ ਹਨ:

(1) ਕੋਈ ਬਰਕਤ ਇਨਸਾਨੀ ਖੂਬੀ ਦੇ ਕੰਮ ਦੇ ਬਿਨਾਂ ਬੰਦੇ ਦੇ ਵਿਸ਼ਵਾਸ ਦੇ ਅਧਾਰ ਤੇ ਦਿੱਤੀ ਜਾ ਸਕਦੀ ਹੈ।

(2) ਬਰਕਤ ਬਿਨਾਂ ਸਵਾਲ ਕੀਤੇ *ਹੁਕਮ ਮੰਨਣ ਵਾਲੇ ਅਰਥਾਤ ਕਿਸੇ ਬਰਕਤ ਵਿਚ ਵਿਸ਼ਵਾਸ ਜਾਂ ਬਿਨਾਂ ਸਮਝ ਦੇ ਕੰਮ ਵਿਚ ਵਿਸ਼ਵਾਸ* ਕਰਕੇ ਦਿੱਤੀ ਜਾ ਸਕਦੀ ਹੈ।

(3) *ਬਰਕਤ ਪਾਉਣ ਲਈ ਵਿਸ਼ਵਾਸ ਨਾਲ ਕੀਤੇ ਕੰਮ* ਨਾਲ ਬਰਕਤ ਦਿੱਤੀ ਜਾ ਸਕਦੀ ਹੈ।

(4) ਬਰਕਤ ਓਸੇ ਲਾਭ ਨੂੰ *ਨਹੀਂ ਲਏ ਜਾ ਸਕਣ ਵਾਲੇ ਵਿਸ਼ਵਾਸ ਦੇ ਅਧਾਰ ਤੇ ਦਿੱਤੀ ਜਾ ਸਕਦੀ ਹੈ।* ਹੋ ਸਕਦਾ ਹੈ ਕਿ ਅਜਿਹੇ ਕੰਮ ਵਿਚ ਜਿਸ ਬਰਕਤ ਦੀ ਉਮੀਦ ਕੀਤੀ ਗਈ ਸੀ ਉਸ ਨਾਲ ਕੋਈ ਸਬੰਧ ਨਾ ਹੋਵੇ, ਪਰ ਉਸ ਲਾਭ ਨੂੰ ਮੁਹੱਈਆ ਕਰਾਉਣ ਲਈ ਪ੍ਰਮੇਸ਼ਵਰ ਵਿਚ ਵਿਸ਼ਵਾਸ ਰੱਖ ਕੇ ਉਸ ਨੂੰ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

(5) ਬਰਕਤ ਜਾਂ ਭਰਪੂਰੀ ਵਿਸ਼ਵਾਸ ਰੱਖਣ ਵਾਲੇ ਦੀ ਬਜਾਏ *ਦੂਜੇ ਲੋਕਾਂ ਨੂੰ ਦਿੱਤੀ ਜਾ ਸਕਦੀ ਹੈ।*

ਇਨ੍ਹਾਂ ਪੰਜਾਂ ਨਿਯਮਾਂ ਵਿੱਚੋਂ ਚਾਰਾਂ ਵਿਚ (ਬਿਨਾਂ ਸਵਾਲ ਕੀਤੇ ਹੁਕਮ ਮੰਨਣਾ ਛੱਡ ਕੇ) ਕਿਸੇ ਨਾ ਕਿਸੇ ਤਰ੍ਹਾਂ ਬਰਕਤ ਪਾਉਣ ਦਾ ਅਧਾਰ ਵਿਸ਼ਵਾਸ ਹੀ ਹੁੰਦਾ ਹੈ; ਪਰ ਪ੍ਰਮੇਸ਼ਵਰ ਨੂੰ ਖੁਸ਼ ਕਰਨ ਅਤੇ ਬਕਰਤ ਪਾਉਣ ਲਈ ਸਮਝ ਜਾਂ ਜ਼ਰੂਰੀ ਵਿਹਾਰ ਪ੍ਰਮੇਸ਼ਵਰ ਦੀਆਂ ਸ਼ਰਤਾਂ ਮੁਤਾਬਕ ਫ਼ਰਕ ਹੋ ਸਕਦਾ ਹੈ। ਬਾਈਬਲ ਦੀਆਂ ਕੁਝ ਉਦਾਹਰਣਾਂ ਤੇ ਧਿਆਨ ਦਿਓ:

### (1) ਕਿਸੇ ਇਨਸਾਨੀ ਖ਼ੂਬੀ ਦੇ ਵਿਸ਼ਵਾਸ

ਅਬਰਾਹਾਮ ਦੀ ਜ਼ਿੰਦਗੀ ਦੀ ਇਕ ਘਟਨਾ ਤੋਂ ਵਿਸ਼ਵਾਸ ਤੇ ਅਧਾਰਤ ਪਰ ਮਨੁੱਖੀ ਕੰਮ ਜਾਂ ਗੁਣ ਦੇ ਬਿਨਾਂ ਬਰਕਤ ਦੀ ਇਕ ਉਦਾਹਰਣ ਮਿਲਦੀ ਹੈ। ਪ੍ਰਮੇਸ਼ਵਰ ਨੇ ਅਬਰਾਹਾਮ ਨੂੰ ਦੱਸਿਆ ਸੀ ਕਿ ਉਹਦੀ ਔਲਾਦ ਅਕਾਸ਼ ਦੇ ਤਾਰਿਆਂ ਵਾਂਗ ਬੇਸ਼ੁਮਾਰ ਹੋਵੇਗੀ। ''ਉਸ ਨੇ ਯਹੋਵਾਹ ਦੀ ਪਰਤੀਤ ਕੀਤੀ ਅਤੇ ਉਸ ਨੇ ਉਹਦੇ ਲਈ ਇਸ ਗੱਲ ਨੂੰ ਧਰਮ ਗਿਣਿਆ'' (ਉਤਪਤ 15:6)। ਇੱਥੇ ਪ੍ਰਮੇਸ਼ਵਰ ਨੇ ਅਬਰਾਹਾਮ ਤੋਂ ਕਿਸੇ ਕੰਮ ਦੀ ਉਮੀਦ ਨਹੀਂ ਕੀਤੀ ਸੀ ਪਰ ਉਹਦੇ ਵਿਸ਼ਵਾਸ ਦੇ ਅਧਾਰ ਤੇ ਉਸ ਨੂੰ ਧਰਮੀ ਮੰਨਿਆ ਗਿਆ।

### (2) ਬਿਨਾਂ ਸਵਾਲ ਕੀਤੇ ਹੁਕਮ ਮੰਨਣਾ

ਬਿਨਾਂ ਸਵਾਲ ਕੀਤੇ ਹੁਕਮ ਮੰਨਣ ਦਾ ਨਮੂਨਾ 2 ਰਾਜਿਆਂ 13:14-19 ਵਿਚ ਮਿਲਦਾ ਹੈ। ਅਲੀਸ਼ਾ ਨੇ ਯੋਆਸ਼ ਰਾਜੇ ਨੂੰ ਕਿਹਾ ਸੀ ਕਿ ਖਿੜਕੀ ਖੋਲ੍ਹ ਕੇ ਪੂਰਬ ਵੱਲ ਤੀਰ ਚਲਾ। ਯੋਆਸ਼ ਨੇ ਤੀਰ ਛੱਡ ਦਿੱਤਾ। ਅਲੀਸ਼ਾ ਨੇ ਕਿਹਾ, ''ਯਹੋਵਾਹ ਵੱਲੋਂ ਫ਼ਤਹਿ ਦਾ ਬਾਣ ਸਗੋਂ ਅਰਾਮ ਉੱਤੇ ਫ਼ਤਹਿ ਦਾ ਬਾਣ ਹੈ ਕਿਉਂ ਜੋ ਤੂੰ ਅਫੇਕ ਵਿਚ ਅਰਾਮ ਨੂੰ ਐਥੋਂ ਤਾਈਂ ਮਾਰੇਂਗਾ ਭਈ ਉਹਦਾ ਨਾਸ ਹੋ ਜਾਵੇਗਾ'' (2 ਰਾਜਿਆਂ 13:17)। ਫਿਰ ਅਲੀਸ਼ਾ ਨੇ ਯੋਆਸ਼ ਰਾਜੇ ਨੂੰ ਤੀਰ ਜ਼ਮੀਨ ਤੇ ਮਾਰਨ ਲਈ ਕਿਹਾ। ਯੋਆਸ਼ ਨੇ ਤਿੰਨ ਵਾਰ ਉਹ ਤੀਰ ਜ਼ਮੀਨ ਤੇ ਮਾਰਿਆ। ਅਲੀਸ਼ਾ ਨੇ ਉਸ ਨੂੰ ਕਿਹਾ, ''ਤੈਨੂੰ ਪੰਜ ਯਾ ਛੇ ਵਾਰੀ ਮਾਰਨਾ ਚਾਹੀਦਾ ਸੀ ਤਾਂ ਤੂੰ ਅਰਾਮ ਨੂੰ ਐਨਾਂ ਮਾਰਦਾ ਭਈ ਉਹ ਨੂੰ ਨਾਸ ਕਰ ਦਿੰਦਾ ਪਰ ਹੁਣ ਤੂੰ ਤਿੰਨ ਵਾਰੀ ਅਰਾਮ ਨੂੰ ਮਾਰੇਂਗਾ'' (2 ਰਾਜਾ 13:19)।

ਯੋਆਸ਼ ਦੁਆਰਾ ਕੀਤਾ ਗਿਆ ਕੰਮ ਪ੍ਰਮੇਸ਼ਵਰ ਵੱਲੋਂ ਮਿਲੀ ਬਰਕਤ ਵਿਚ ਵਿਸ਼ਵਾਸ ਕਰਨ ਦੀ ਨਹੀਂ, ਸਗੋਂ ਬਿਨਾਂ ਸਵਾਲ ਕੀਤੇ ਹੁਕਮ ਮੰਨਣ ਦੀ ਉਦਾਹਰਣ ਹੈ। ਅਲੀਸ਼ਾ ਯੋਆਸ਼ ਨੂੰ ਤੀਰ ਛੱਡਣ ਦਾ ਅਤੇ ਜ਼ਮੀਨ ਤੇ ਮਾਰਨ ਦਾ ਮਕਸਦ ਦੱਸ ਸਕਦਾ ਸੀ; ਅਜਿਹੀ ਹਾਲਤ ਵਿਚ ਯੋਆਸ਼ ਦਾ ਕੰਮ ਪ੍ਰਮੇਸ਼ਵਰ ਤੋਂ ਮਿਲੀ ਬਰਕਤ ਲਈ ਕੰਮ ਹੁੰਦਾ ਅਤੇ ਪ੍ਰਮੇਸ਼ਵਰ ਹੁਕਮ ਮੰਨਣ ਲਈ ਉਸ ਨੂੰ ਫ਼ਤਹਿ ਦੇਣ ਦੇ ਆਪਣੇ ਵਾਅਦੇ ਨੂੰ ਪੂਰਾ ਕਰ ਰਿਹਾ ਹੁੰਦਾ। ਉਸ ਨੂੰ ਨਾ ਤਾਂ ਦੱਸਿਆ ਗਿਆ ਸੀ ਅਤੇ ਨਾ ਹੀ ਉਸ ਨੂੰ ਪ੍ਰਮੇਸ਼ਵਰ ਦਾ ਹੁਕਮ ਮੰਨਣ ਨਾਲ ਮਿਲਣ ਵਾਲੀ ਬਰਕਤ ਦਾ ਪਤਾ ਸੀ, ਇਸ ਲਈ ਉਹ ਆਪਣੇ ਕੰਮਾਂ ਦਾ ਇਨਾਮ ਪਾਉਣ ਲਈ ਪ੍ਰਮੇਸ਼ਵਰ ਵਿਚ ਵਿਸ਼ਵਾਸ ਨਹੀਂ ਰੱਖ ਸਕਿਆ। ਉਹਦੇ ਕੰਮ ਅੱਖਾਂ ਬੰਦ ਕਰਕੇ ਹੁਕਮ ਮੰਨਣ ਕਾਰਣ ਸਨ।

### (3) ਪਾਉਣ ਲਈ ਵਿਸ਼ਵਾਸ ਅਤੇ ਕੰਮ

ਵਿਸ਼ਵਾਸ ਦੀ ਇਕ ਮਿਸਾਲ ਜਿਹੜੀ ਲੋਕਾਂ ਨੂੰ ਫ਼ਾਇਦਾ ਲੈਣ ਲਈ ਕੰਮ ਕਰਨ ਦੀ

ਪ੍ਰੇਰਣਾ ਦਿੰਦੀ ਹੈ ਉਹ ਹੈ ਨੂਹ ਵੱਲੋਂ ਬੇੜਾ ਬਣਾਉਣਾ। ਨੂਹ ਬੇੜਾ ਬਣਾਉਣ ਅਤੇ ਆਉਣ ਵਾਲੀ ਜਲ ਪਰਲੋ ਤੋਂ ਆਪਣੇ ਪਰਿਵਾਰ ਨੂੰ ਬਚਾਉਣ ਦੇ ਸਬੰਧ ਨੂੰ ਸਮਝ ਸਕਦਾ ਸੀ, ਪਰ ਪ੍ਰਮੇਸ਼ਵਰ ਵੱਲੋਂ ਮਿਲੇ ਪ੍ਰਕਾਸ਼ ਤੋਂ ਬਿਨਾਂ ਆਪਣੇ ਪਰਿਵਾਰ ਨੂੰ ਜਲ ਪਰਲੋ ਤੋਂ ਬਚਾਉਣ ਲਈ ਬੇੜਾ ਬਣਾਉਣ ਦੀ ਲੋੜ ਦਾ ਉਹਨਾਂ ਨੂੰ ਪਤਾ *ਨਹੀਂ* ਲੱਗ ਸਕਦਾ ਸੀ। ਉਹਦੇ ਲਈ ਪ੍ਰਮੇਸ਼ਵਰ ਵਿਚ ਵਿਸ਼ਵਾਸ ਰੱਖਣਾ ਕਿ ਪਰਲੋ ਆ ਰਹੀ ਹੈ ਅਤੇ ਉਸ ਵਿਸ਼ਵਾਸ ਨਾਲ ਪ੍ਰੇਰਣਾ ਪਾ ਕੇ ਇਕ ਬੇੜਾ ਬਣਾਉਣਾ ਜ਼ਰੂਰੀ ਸੀ ਜਿਹੜਾ ਉਸ ਨੂੰ ਉਹਦੇ ਪਰਿਵਾਰ ਅਤੇ ਦੂਸਰੇ ਬਹੁਤ ਸਾਰੇ ਜੀਉਂਦੇ ਪ੍ਰਾਣੀਆਂ ਨੂੰ ਸੁਰੱਖਿਅਤ ਲਿਜਾ ਸਕੇ। ਉਸ ਨੂੰ ਵਿਸ਼ਵਾਸ ਕਰਨ ਕਰਕੇ ਲਾਭ ਮਿਲਣ ਵਾਲਾ ਕੰਮ ਕਰਨ ਦੀ ਪ੍ਰੇਰਣਾ ਮਿਲੀ ਸੀ, ਜਿਸ ਨਾਲ ਉਹ ਅਤੇ ਦੂਸਰੇ ਲੋਕ ਬਚਾਏ ਗਏ ਸਨ। ਪ੍ਰਮੇਸ਼ਵਰ ਬੇੜੇ ਨੂੰ ਬਣਾ ਕੇ ਸੁਰੱਖਿਅਤ ਥਾਂ ਤੇ ਨਹੀਂ ਲੈ ਗਿਆ ਸੀ। ਬੇੜਾ ਬਣਾਉਣਾ ਨੂਹ ਦਾ ਕੰਮ ਸੀ ਅਤੇ ਪਰਲੋ ਦੇ ਪਾਣੀ ਨੇ ਬੇੜੇ ਨੂੰ ਤੈਰਾਇਆ।

### (4) ਵਿਸ਼ਵਾਸ ਅਤੇ ਕੰਮ ਤੋਂ ਜੋ ਹਾਸਲ ਨਹੀਂ ਹੋ ਸਕਦਾ

ਵਿਸ਼ਵਾਸ ਜਿਸ ਤੋਂ *ਹਾਸਲ* ਹੁੰਦਾ ਹੈ ਵਿਚ ਉਹ ਬਰਕਤ ਸ਼ਾਮਲ ਹੈ ਜਿਹੜੀ ਪ੍ਰਮੇਸ਼ਵਰ ਵਿਚ ਵਿਸ਼ਵਾਸ ਰੱਖਣ ਵਾਲੇ ਬੰਦੇ ਨੂੰ ਮਿਲਦੀ ਹੈ। ਪਰ ਉਸ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਹਦੇ ਕੰਮ ਦਾ ਵਾਅਦਾ ਕੀਤੀ ਹੋਈ ਬਰਕਤ ਨਾਲ ਕੋਈ ਤਰਕਸੰਗਤ ਮੇਲ ਨਹੀਂ ਹੈ। ਇਸਰਾਏਲੀਆਂ ਦਾ ਯਰੀਹੋ ਦੀ ਸ਼ਹਿਰਪਨਾਹ ਦੇ ਆਲੇ ਦੁਆਲੇ ਚੱਕਰ ਲਾਉਣਾ ਇਹਦੀ ਇਕ ਵਧੀਆ ਮਿਸਾਲ ਹੈ। ਪ੍ਰਮੇਸ਼ਵਰ ਵਿਚ ਉਨ੍ਹਾਂ ਦਾ ਵਿਸ਼ਵਾਸ ਸਿਰਫ਼ ਕੰਧਾਂ ਡੇਗਣ ਵਿਚ ਹੀ ਨਹੀਂ ਸਗੋਂ ਚੱਲਦੇ ਹੋਏ ਚਾਹੇ ਗਏ ਨਤੀਜਿਆਂ ਵਿਚ ਕੋਈ ਸਪਸ਼ਟ ਸਬੰਧ ਵੇਖੇ ਬਿਨਾਂ ਵਿਸ਼ਵਾਸ ਦੇ ਇਕ ਕੰਮ ਦੇ ਤੌਰ ਤੇ ਅੱਗੇ ਵਧਣਾ ਸੀ।

ਅਜਿਹੇ ਮਾਮਲਿਆਂ ਵਿਚ ਵਿਸ਼ਵਾਸ ਕਰਨ ਵਾਲੇ ਨੂੰ ਪਤਾ ਹੁੰਦਾ ਹੈ ਕਿ ਉਹਦੇ ਕੰਮਾਂ ਨਾਲ ਬਰਕਤ ਹਾਸਲ ਨਹੀਂ ਕੀਤੀ ਜਾ ਸਕਦੀ; ਇਸ ਕਰਕੇ ਉਹ ਪ੍ਰਮੇਸ਼ਵਰ ਦੁਆਰਾ ਦਿੱਤੇ ਵਾਅਦੇ ਨੂੰ ਪਾਉਣ ਲਈ ਪ੍ਰਮੇਸ਼ਵਰ ਵਿਚ ਵਿਸ਼ਵਾਸ ਰੱਖ ਕੇ ਕੰਮ ਹੈ। ਵਿਸ਼ਵਾਸ ਤੇ ਅਜਿਹੇ ਕੰਮ ਦੀ ਲੋੜ ਹੋਣ ਤੇ, ਵਾਅਦਾ ਕੀਤੀ ਹੋਈ ਬਰਕਤ ਦੀ ਸਮਝ ਹੋਣਾ ਜ਼ਰੂਰੀ ਹੈ; ਨਹੀਂ ਤਾਂ, ਉਹ ਸਿਰਫ਼ ਅੱਖਾਂ ਮੀਟ ਕੇ ਹੁਕਮ ਮੰਨ ਰਿਹਾ ਹੈ। ਹੋ ਸਕਦਾ ਹੈ ਕਿ ਉਹਨੂੰ ਪਤਾ ਨਾ ਹੋਵੇ ਕਿ ਪ੍ਰਮੇਸ਼ਵਰ ਇਸ ਨੂੰ ਕਿਵੇਂ ਪੂਰਾ ਕਰੇਗਾ ਜਾਂ ਜੋ ਕੁਝ ਉਸ ਨੂੰ ਕਰਨਾ ਪੈ ਰਿਹਾ ਹੈ ਉਹ ਉਸ ਨੂੰ ਕਿਉਂ ਕਰਦਾ ਹੈ, ਪਰ ਇਹ ਸਮਝ ਹੋਣੀ ਜ਼ਰੂਰੀ ਹੈ ਕਿ ਵਾਅਦੇ ਨੂੰ ਪੂਰਾ ਕਰਨ ਲਈ ਉਹ ਪ੍ਰਮੇਸ਼ਵਰ ਵਿਚ ਵਿਸ਼ਵਾਸ ਰੱਖ ਕੇ ਕੰਮ ਕਰ ਸਕਦਾ ਹੈ। ਜੇ ਕੋਈ ਬੰਦਾ ਵਾਅਦਾ ਕੀਤੀ ਹੋਈ ਚੀਜ਼ ਨੂੰ ਪਾਉਣ ਲਈ ਕੰਮ ਨਹੀਂ ਕਰਦਾ, ਤਾਂ ਉਹ ਕੰਮ ਉਸ ਵਾਅਦੇ ਨਾਲ ਜੁੜਿਆ ਨਹੀਂ ਹੈ, ਅਤੇ ਇਸ ਲਈ ਉਹ ਕੰਮ ਵਾਅਦਾ ਕਰਨ ਵਾਲੇ ਵਿਚ ਵਿਸ਼ਵਾਸ ਦਾ ਕੰਮ ਨਹੀਂ ਹੈ।

### (5) ਵਿਸ਼ਵਾਸ ਜਿਸ ਨਾਲ ਦੂਜਿਆਂ ਨੂੰ ਲਾਭ ਹੁੰਦਾ ਹੈ

ਪ੍ਰਮੇਸ਼ਵਰ ਨੇ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਵਾਅਦਾ ਕੀਤਾ ਸੀ ਕਿ ਕਨਾਨ ਦੇਸ਼ ਉਨ੍ਹਾਂ ਦੀ ਸੰਤਾਨ ਨੂੰ ਦਿੱਤਾ ਜਾਵੇਗਾ (ਉਤਪਤ 12:7; 26:3; 35:12)। ਉਨ੍ਹਾਂ ਨੂੰ ਯਕੀਨ ਸੀ ਕਿ ਪ੍ਰਮੇਸ਼ਵਰ ਆਪਣਾ ਵਾਅਦਾ ਪੂਰਾ ਕਰੇਗਾ ਭਾਵੇਂ *ਇਹ ਬਰਕਤ ਦੂਜਿਆਂ ਨੂੰ ਮਿਲਣੀ ਸੀ।* ‘‘ਇਹ ਸੱਭੋ ਨਿਹਚਾ ਵਿਚ ਮਰ ਗਏ ਅਤੇ ਉਨ੍ਹਾਂ ਨੂੰ ਦਿੱਤੇ ਹੋਏ ਬਚਨ ਪਰਾਪਤ

ਨਾ ਹੋਏ ਪਰ ਉਨ੍ਹਾਂ ਦੂਰੋਂ ਉਨ੍ਹਾਂ ਨੂੰ ਵੇਖ ਕੇ ਜੀ ਆਇਆਂ ਨੂੰ ਆਖਿਆ ਅਤੇ ਮੰਨ ਲਿਆ ਭਈ ਅਸੀਂ ਧਰਤੀ ਉੱਤੇ ਓਪਰੇ ਅਤੇ ਪਰਦੇਸੀ ਹਾਂ'' (ਇਬਰਾਨੀਆਂ 11:13)।

ਇਬਰਾਨੀਆਂ ਦੀ ਪੱਤਰੀ ਵਿਚ ਸਾਨੂੰ ਉਸ ਵਿਸ਼ਵਾਸ ਦੇ ਲਾਭ ਦੇ ਇਲਾਵਾ ਉਦਾਹਰਣਾਂ ਵੀ ਮਿਲਦੀਆਂ ਹਨ ਜਿਹੜਾ ਸਿਰਫ਼ ਦੂਸਰਿਆਂ ਨੂੰ ਹੀ ਮਿਲਣਾ ਸੀ: ''ਨਿਹਚਾ ਨਾਲ ਇਸਹਾਕ ਨੇ ਹੋਣ ਵਾਲੀਆਂ ਗੱਲਾਂ ਦੇ ਵਿਖੇ ਭੀ ਯਾਕੂਬ ਅਤੇ ਏਸਾਓ ਨੂੰ ਅਸੀਸ ਦਿੱਤੀ। ਨਿਹਚਾ ਨਾਲ ਯਾਕੂਬ ਨੇ ਮਰਨ ਲੱਗਿਆਂ ਯੂਸਫ਼ ਦੇ ਪੁੱਤਰਾਂ ਨੂੰ ਇਕ-ਇਕ ਕਰਕੇ ਅਸੀਸ ਦਿੱਤੀ ਅਤੇ ਆਪਣੀ ਲਾਠੀ ਦੇ ਸਿਰੇ ਉੱਤੇ ਮੱਥਾ ਟੇਕਿਆ। ਨਿਹਚਾ ਨਾਲ ਯੂਸਫ਼ ਨੇ ਆਪਣੇ ਅੰਤ ਕਾਲ ਦੇ ਵੇਲੇ ਇਸਰਾਏਲੀਆਂ ਦੇ ਉੱਥੋਂ ਕੂਚ ਕਰਨ ਦੀ ਗੱਲ ਕੀਤੀ ਅਤੇ ਆਪਣੀਆਂ ਹੱਡੀਆਂ ਦੇ ਵਿਖੇ ਹੁਕਮ ਦਿੱਤਾ'' (ਇਬਰਾਨੀਆਂ 11:20-22)। ਇਨ੍ਹਾਂ ਲੋਕਾਂ ਦਾ ਵਿਸ਼ਵਾਸ ਉਨ੍ਹਾਂ ਬਰਕਤਾਂ ਵਿਚ ਸੀ ਜਿਹੜੀਆਂ ਉਨ੍ਹਾਂ ਨੂੰ ਨਹੀਂ ਸਗੋਂ ਦੂਜਿਆਂ ਨੂੰ ਮਿਲਣੀਆਂ ਸਨ।

## ਪੁਰਾਣੇ ਨੇਮ ਵਿਚ ਵਿਸ਼ਵਾਸ ਦੀਆਂ ਉਦਾਹਰਣਾਂ

ਇਬਰਾਨੀਆਂ 11 ਵਿਚ ਪੁਰਾਣੇ ਨੇਮ ਦੇ ਸਮੇਂ ਉਨ੍ਹਾਂ ਲੋਕਾਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ ਜਿਹਨਾਂ ਨੂੰ ਆਪਣੇ ਵਿਸ਼ਵਾਸ ਕਾਰਣ ਬਰਕਤ ਮਿਲੀ ਸੀ। ਬਰਕਤ ਵਿਚ ਹੇਠਾਂ ਦਿੱਤੀਆਂ ਗਈਆਂ ਚੀਜ਼ਾਂ ਸਨ: (1) ਪ੍ਰਮੇਸ਼ਵਰ ਵੱਲੋਂ ਹੁਕਮ ਜਾਂ ਗੱਲ, (2) ਪ੍ਰਮੇਸ਼ਵਰ ਦੀ ਕਹੀ ਗੱਲ ਦੀ ਸਮਝ, (3) ਪ੍ਰਮੇਸ਼ਵਰ ਵੱਲੋਂ ਅਣਵੇਖੀ ਚੀਜ਼, (4) ਮਨੁੱਖ ਰਾਹੀਂ ਪ੍ਰਮੇਸ਼ਵਰ ਦੇ ਵਚਨ ਨੂੰ ਗ੍ਰਹਿਣ ਕੀਤਾ ਜਾਣਾ, ਅਤੇ (5) ਜ਼ਰੂਰੀ ਹੋਣ ਤੇ ਉਹਦੇ ਲਈ ਮਨੁੱਖ ਦੀ ਢੁਕਵੀਂ ਕਿਰਿਆ। ਕਿਸੇ ਵੀ ਮਾਮਲੇ ਵਿਚ ਵਿਸ਼ਵਾਸ ਲਈ ਅੱਖਾਂ ਮੀਟ ਕੇ ਹੁਕਮ ਮੰਨਣਾ ਜਾਂ ਵਿਸ਼ਵਾਸ ਦੇ ਕੰਮ ਅਤੇ ਉਸ ਨਾਲ ਜੁੜੇ ਵਾਅਦੇ ਦੀ ਸਮਝ ਦੇ ਬਿਨਾਂ ਕੰਮ ਦੀ ਲੋੜ ਨਹੀਂ ਸੀ।

#### ਹਾਬਲ

''ਨਿਹਚਾ ਨਾਲ ਹਾਬਲ ਨੇ ਕਾਇਨ ਨਾਲੋਂ ਪ੍ਰਮੇਸ਼ਵਰ ਦੇ ਅੱਗੇ ਉੱਤਮ ਬਲੀਦਾਨ ਚੜ੍ਹਾਇਆ ...'' (ਇਬਰਾਨੀਆਂ 11:4)। ਹਾਬਲ ਦਾ ਬਲਿਦਾਨ ਕਾਇਨ ਦੇ ਬਲਿਦਾਨ ਨਾਲੋਂ ਉੱਤਮ ਹੋਣ ਬਾਰੇ ਸਵਾਲ ਉੱਠੇ ਹਨ।

ਕਈ ਲੋਕਾਂ ਦਾ ਮੰਨਣਾ ਹੈ ਕਿ ਮੁਸ਼ਕਲ *ਬਲਿਦਾਨ ਦੀ ਕਿਸਮ* ਦੀ ਨਹੀਂ ਸਗੋਂ ਵਿਹਾਰ ਦੀ ਸੀ। ਪਰ, ਬਾਈਬਲ ਦੱਸਦੀ ਹੈ ਕਿ ਬਲਿਦਾਨ ਵਿਚ ਫ਼ਰਕ ਸੀ; ਹਾਬਲ ਨੇ ਕਾਇਨ ਨਾਲੋਂ ''ਉੱਤਮ ਬਲਿਦਾਨ'' ਚੜ੍ਹਾਇਆ। ਹੋਰਨਾਂ ਨੇ ਇਹ ਗੱਲ ਚੁੱਕੀ ਹੈ ਕਿ ਕਾਇਨ ਰਾਹੀਂ ਚੜ੍ਹਾਇਆ ਗਏ ਬਲਿਦਾਨ ਯਾਨੀ ਫ਼ਸਲ ਦੀ ਭੇਂਟ ਦੀ, ਸ਼ਰ੍ਹਾ ਵਿਚ ਇਜਾਜ਼ਤ ਨਹੀਂ ਦਿੱਤੀ ਗਈ ਸੀ (ਲੇਵੀਆਂ 2:1-16)। ਹੋ ਸਕਦਾ ਹੈ, ਪਰ ਭਲਾ ਅਜਿਹੇ ਬਲਿਦਾਨ ਸ਼ਰ੍ਹਾ ਦਿੱਤੇ ਜਾਣ ਤੋਂ ਪਹਿਲਾਂ *ਲਾਗੂ ਸਨ?*

ਸ਼ਰ੍ਹਾ ਦਿੱਤੇ ਜਾਣ ਤੋਂ ਪਹਿਲਾਂ ਸਿਰਫ਼ ਜਾਨਵਰਾਂ ਦੀਆਂ ਕੁਰਬਾਨੀਆਂ (ਕਾਇਨ ਦੀ ਕੁਰਬਾਨੀ ਇਕ ਅਪਵਾਦ ਹੈ) ਦਾ ਹੀ ਜ਼ਿਕਰ ਮਿਲਦਾ ਹੈ। ਬੇੜੇ ਵਿੱਚੋਂ ਨਿਕਲਣ ਦੇ ਬਾਅਦ, ''ਨੂਹ ਨੇ ... ਸ਼ੁੱਧ ਡੰਗਰਾਂ ਅਤੇ ਸ਼ੁੱਧ ਪੰਛੀਆਂ ਵਿੱਚੋਂ ਲੈ ਕੇ ਜਗਵੇਦੀ ਉੱਤੇ ਹੋਮ ਦੀਆਂ ਬਲੀਆਂ ਚੜ੍ਹਾਈਆਂ'' (ਉਤਪਤ 8:20)। ਅਬਰਾਹਾਮ ਨੇ ਕੁਰਬਾਨੀ ਵਿਚ ਇਕ ਛਤਰਾ ਭੇਂਟ ਕੀਤਾ (ਉਤਪਤ 22:13)। ਇਸਹਾਕ ਦੀ ਗੱਲ ਤੋਂ ਸੰਕੇਤ ਮਿਲਦਾ ਹੈ ਕਿ ਆਮ ਤੌਰ ਤੇ

ਜਾਨਵਰ ਦੀ ਕੁਰਬਾਨੀ ਹੀ ਦਿੱਤੀ ਜਾਂਦੀ ਸੀ, ਕਿਉਂਕਿ ਜਦ ਅਬਰਾਹਾਮ ਨੇ ਕੁਰਬਾਨੀ ਲਈ ਜਗ੍ਹਾ ਵੇਖੀ, ਤਾਂ ਇਸਹਾਕ ਨੇ ਉਸ ਤੋਂ ਪੁੱਛਿਆ ਸੀ, ''... ਪਰ ਹੋਮ ਬਲੀ ਲਈ ਲੇਲਾ ਕਿੱਥੇ ਹੈ?'' (ਉਤਪਤ 22:7)। ਮੂਸਾ ਨੇ ਫਿਰਾਊਨ ਨੂੰ ਦੱਸਿਆ ਸੀ ਕਿ ਇਸਰਾਏਲੀਆਂ ਨੂੰ ਕੁਰਬਾਨੀ ਲਈ ਜਾਨਵਰਾਂ ਦੀ ਲੋੜ ਹੈ (ਕੂਚ 10:25)। ਹੋਰ ਵੀ ਬਹੁਤ ਸਾਰੀਆਂ ਆਇਤਾਂ ਹਨ ਜਿਹਨਾਂ ਵਿਚ ਇਹ ਜ਼ਿਕਰ ਕੀਤੇ ਬਿਨਾਂ ਕਿ ਭੇਂਟ ਕੀ ਹੈ, ਕੁਰਬਾਨੀਆਂ ਦਾ ਜ਼ਿਕਰ ਹੈ (ਉਤਪਤ 31:54; 46:1; ਅੱਯੂਬ 1:5)।

ਇਸ ਤੱਥ ਤੋਂ ਕਿ ਸ਼ਰ੍ਹਾ ਦਿੱਤੇ ਜਾਣ ਤੋਂ ਪਹਿਲਾਂ ਸਿਰਫ਼ ਜਾਨਵਰਾਂ ਦੀਆਂ ਕੁਰਬਾਨੀਆਂ ਦੇਣ ਬਾਰੇ ਹੀ ਦੱਸਿਆ ਗਿਆ ਹੈ, ਇਹ ਸੰਕੇਤ ਮਿਲਦਾ ਹੈ ਕਿ ਪ੍ਰਮੇਸ਼ਵਰ ਨੇ *ਪਸ਼ੂਆਂ* ਦੇ ਬਲਿਦਾਨ ਕਰਨ ਦਾ ਹੁਕਮ ਦਿੱਤਾ ਸੀ। ਪ੍ਰਮੇਸ਼ਵਰ ਦੀ ਇੱਛਾ ਵਿਚ ਵਿਸ਼ਵਾਸ ਕਰਕੇ (ਵੇਖੋ ਰੋਮੀਆਂ 10:17) ਹਾਬਲ ਨੇ ਉਹੀ ਕੁਰਬਾਨੀ ਦਿੱਤੀ ਜੋ ਪ੍ਰਮੇਸ਼ਵਰ ਚਾਹੁੰਦਾ ਸੀ, ਪਰ ਕਾਇਨ ਨੇ ਆਪਣੀ ਪਸੰਦ ਦੀ ਕੁਰਬਾਨੀ ਦਿੱਤੀ ਜਿਹੜੀ ਪ੍ਰਮੇਸ਼ਵਰ ਦੇ ਹੁਕਮ ਮੰਨਣ ਦਾ ਕੰਮ ਨਹੀਂ ਸੀ।

ਹਾਬਲ ਨੇ ਆਪਣੀ ਕੁਰਬਾਨੀ ਵਿਸ਼ਵਾਸ ਨਾਲ ਚੜ੍ਹਾਈ, ਇਸ ਲਈ ਉਹਦੀ ਭੇਂਟ ਅੱਖਾਂ ਮੀਟ ਕੇ ਹੁਕਮ ਮੰਨਣ ਦਾ ਕੰਮ *ਨਹੀਂ* ਸੀ। ਜਾਂ ਤਾਂ ਇਹ ਖ਼ੁਦਾ ਦੀ ਬੰਦਗੀ ਲਈ ਸੀ, ਜਿਸ ਦੀ ਵਧੇਰੇ ਸੰਭਾਵਨਾ ਹੈ ਜਾਂ ਪਾਪ ਦੀ ਭੇਂਟ ਲਈ।

**ਨੂਹ**

ਨੂਹ ਬਿਨਾਂ ਸੋਚੇ ਸਮਝੇ ਨਹੀਂ ਸਗੋਂ ਵਿਸ਼ਵਾਸ ਨਾਲ ਕੰਮ ਕਰਨ ਦਾ ਇਕ ਨਮੂਨਾ ਹੈ। ਪ੍ਰਮੇਸ਼ਵਰ ਤੋਂ ਮਿਲੀ ਚਿਤਾਵਨੀ ਕਰਕੇ, ਉਹਨੂੰ ਪਤਾ ਸੀ ਕਿ ਉਹ ਬੇੜਾ ਕਿਉਂ ਬਣਾ ਰਿਹਾ ਹੈ (ਉਤਪਤ 6:13-22)। ਆਉਣ ਵਾਲੀ ਪਰਲੋ ਦੇ ਬਾਰੇ ਅਤੇ ਬੇੜਾ ਬਣਾ ਕੇ ਆਪਣੇ ਪਰਿਵਾਰ ਨੂੰ ਬਚਾਉਣ ਲਈ ਜੋ ਕੁਝ ਪ੍ਰਮੇਸ਼ਵਰ ਨੇ ਉਸ ਨੂੰ ਦੱਸਿਆ ਸੀ, ਉਸ ਨੇ ਉਸ ਸਭ ਤੇ ਵਿਸ਼ਵਾਸ ਕੀਤਾ ਸੀ। ਉਸ ਨੇ ਬੇੜਾ *ਇਕ ਮਕਸਦ* ਯਾਨੀ ਆਪਣੇ ਆਪ ਨੂੰ, ਆਪਣੇ ਪਰਿਵਾਰ ਨੂੰ ਅਤੇ ਬੇੜੇ ਵਿਚ ਆਉਣ ਵਾਲੇ ਹਰ ਜੀਵ ਜੰਤੂ ਅਤੇ ਜੀਉਂਦੇ ਪ੍ਰਾਣੀ ਨੂੰ ਬਚਾਉਣ ਬਣਾਇਆ ਸੀ। ਜੇ ਉਹ ਬੇੜਾ ਇਸ ਲਈ ਬਣਾਉਂਦਾ ਕਿ ਪ੍ਰਮੇਸ਼ਵਰ ਨੇ ਉਸ ਨੂੰ ਬਣਾਉਣ ਲਈ ਕਿਹਾ ਹੈ, ਪਰ ਪਰਲੋ ਦੀ ਤਿਆਰੀ ਦੀ ਬਜਾਏ ਇਸ ਨੂੰ ਆਪਣੇ ਰਹਿਣ ਲਈ ਹੀ ਬਣਾਉਂਦਾ, ਤਾਂ ਪ੍ਰਮੇਸ਼ਵਰ ਨੂੰ ਪਤਾ ਲਗ ਜਾਣਾ ਸੀ ਕਿ ਉਹ ਗਲਤ ਮਕਸਦ ਨਾਲ ਕੰਮ ਕਰ ਰਿਹਾ ਹੈ ਜਿਸ ਕਾਰਣ ਉਹ ਉਸ ਦੇ ਕੰਮ ਨੂੰ ਕਬੂਲ ਨਾ ਕਰਦਾ।

**ਅਬਰਾਹਾਮ**

ਅਬਰਾਹਾਮ ਬਿਨਾਂ ਸੋਚੇ ਸਮਝੇ ਨਹੀਂ ਸਗੋਂ ਵਿਸ਼ਵਾਸ ਨਾਲ ਕੰਮ ਕਰਨ ਵਾਲਿਆਂ ਦੀ ਇਕ ਹੋਰ ਮਿਸਾਲ ਹੈ। ਬੇਸ਼ੱਕ ਉਸ ਨੂੰ ਆਪਣੀ ਮੰਜ਼ਿਲ ਨੂੰ ਜਾਣਨ ਦੀ ਲੋੜ ਨਹੀਂ ਸੀ ਕਿਉਂਕਿ ਪ੍ਰਮੇਸ਼ਵਰ ਨੇ ਉਸ ਨੂੰ ਰਾਹ ਦੱਸਣਾ ਸੀ (ਉਤਪਤ 12:1-4), ਪਰ ਉਸ ਦਾ ਵਿਸ਼ਵਾਸ ਸੀ ਕਿ ਜੇ ਉਹ ਪ੍ਰਮੇਸ਼ਵਰ ਦੀ ਦੱਸੀ ਥਾਂ ਤੇ ਜਾਵੇ ਤਾਂ ਪ੍ਰਮੇਸ਼ਵਰ ਉਹਨੂੰ ਬਰਕਤ ਦੇਣ ਅਤੇ ਇਕ ਵੱਡੀ ਕੌਮ ਬਣਾਉਣ ਦਾ ਵਾਅਦਾ ਪੂਰਾ ਕਰੇਗਾ। ਉਹਨੂੰ ਪ੍ਰਮੇਸ਼ਵਰ ਦੇ ਵਾਅਦੇ ਦੀ ਸਮਝ ਸੀ ਅਤੇ ਉਹ ਉਸ ਉੱਤੇ ਵਿਸ਼ਵਾਸ ਕਰਦਾ ਸੀ। ਜੇ ਪ੍ਰਮੇਸ਼ਵਰ ਨੇ ਉਸ ਨੂੰ *ਨਾ* ਦੱਸਿਆ ਹੁੰਦਾ ਕਿ ਬਾਹਰ

ਜਾ ਕੇ ਕੀ ਕਰਨਾ ਹੈ ਜਾਂ ਉਸ ਨੂੰ ਸਿਰਫ਼ ਬਾਹਰ ਜਾਣ ਲਈ ਹੀ ਕਹਿੰਦਾ, ਤਾਂ ਉਸ ਦਾ ਕੰਮ ਬਿਨਾਂ ਸੋਚੇ-ਸਮਝੇ ਹੁਕਮ ਮੰਨਣਾ ਹੁੰਦਾ, ਪਰ ਉਹਨੂੰ ਸਮਝ ਸੀ, ਇਸ ਲਈ ਉਸ ਨੇ ਪ੍ਰਮੇਸ਼ਵਰ ਦੇ ਵਾਅਦੇ ਵਿਚ ਵਿਸ਼ਵਾਸ ਰੱਖ ਕੇ ਕੰਮ ਕੀਤਾ।

ਜੇ ਅਬਰਾਹਾਮ ਅਮੀਰ ਜਾਂ ਸ਼ਕਤੀਸਾਲੀ ਬਣਨ, ਰਿਸ਼ਤੇਦਾਰਾਂ ਤੋਂ ਦੂਰ ਭੱਜਣ, ਕੋਈ ਜੋਖਿਮ ਭਰਿਆ ਕੰਮ ਕਰਨ ਜਾਂ ਕਿਸੇ ਹੋਰ ਕਾਰਣ ਬਾਹਰ ਨਿੱਕਲਦਾ ਤਾਂ ਉਹਦਾ ਜਾਣਾ ਕਿਸੇ ਹੋਰ ਮਕਸਦ ਲਈ ਹੋਣਾ ਸੀ। ਯਕੀਨਨ ਹੀ ਅਜਿਹੇ ਕਿਸੇ ਕੰਮ ਲਈ ਪ੍ਰਮੇਸ਼ਵਰ ਨੇ ਉਸ ਨੂੰ ਇਨਾਮ ਨਹੀਂ ਦੇਣਾ ਸੀ ਕਿਉਂਕਿ ਮਨ ਨੂੰ ਜਾਚਣ ਵਾਲੇ ਪ੍ਰਮੇਸ਼ਵਰ ਨੂੰ ਪਤਾ ਲੱਗ ਜਾਣਾ ਸੀ ਕਿ ਅਬਰਾਹਾਮ ਆਪਣੇ ਵਾਅਦੇ ਨੂੰ ਪੂਰਾ ਕਰਨ ਦੇ ਪ੍ਰਮੇਸ਼ਵਰ ਵਿਚ ਵਿਸ਼ਵਾਸ ਦੇ ਬਿਨਾਂ ਗਲਤ ਉਦੇਸ਼ ਨਾਲ ਜਾ ਰਿਹਾ ਹੈ।

**ਯਹੋਸ਼ੁਆ ਅਤੇ ਇਸਰਾਏਲੀ**

''ਨਿਹਚਾ ਨਾਲ ਯਰੀਹੋ ਦੀ ਸਫ਼ੀਲ ਜਾਂ ਸੱਤਾਂ ਦਿਨਾਂ ਤੀਕ ਘੇਰੀ ਗਈ ਤਾਂ ਢਹਿ ਪਈ'' (ਇਬਰਾਨੀਆਂ 11:30)। ਇਸਰਾਏਲੀਆਂ ਨੇ ਬਿਨਾਂ ਸੋਚੇ ਸਮਝੇ ਨਹੀਂ ਸਗੋਂ ਇਸ ਲਈ ਹੁਕਮ ਮੰਨਿਆ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦਾ ਵਿਸ਼ਵਾਸ ਪ੍ਰਮੇਸ਼ਵਰ ਦੇ ਵਾਅਦੇ ਵਿਚ ਸੀ ਕਿ ਜੇ ਉਹ ਸ਼ਹਿਰ ਪਨਾਹ ਦੇ ਚੱਕਰ ਲਾਉਣ ਤਾਂ ਯਰੀਹੋ ਦੀਆਂ ਕੰਧਾਂ ਡਿੱਗ ਪੈਣਗੀਆਂ (ਯਹੋਸ਼ੁਆ 6:1-5)। ਜੇ ਪ੍ਰਮੇਸ਼ਵਰ ਨੇ ਉਨ੍ਹਾਂ ਨੂੰ ਚੱਲਣ ਲਈ ਹੀ ਕਿਹਾ ਹੁੰਦਾ ਅਤੇ ਇਹ ਨਾ ਦੱਸਿਆ ਹੁੰਦਾ ਕਿ ਉਨ੍ਹਾਂ ਦੇ ਅੱਗੇ ਵਧਣ ਨਾਲ ਕੀ ਹੋਵੇਗਾ ਤਾਂ ਉਨ੍ਹਾਂ ਦਾ ਕੰਮ ਸਿਰਫ਼ ਬਿਨਾਂ ਸੋਚੇ-ਸਮਝੇ ਹੁਕਮ ਮੰਨਣਾ ਹੁੰਦਾ, ਨਾ ਕਿ ਸ਼ਹਿਰ ਪਨਾਹ ਨੂੰ ਡੇਗਣ ਲਈ ਪ੍ਰਮੇਸ਼ਵਰ ਵਿਚ ਵਿਸ਼ਵਾਸ।

ਇਸ ਉਦਾਹਰਣ ਵਿਚ ਅਸੀਂ ਬਰਕਤ *ਪਾਉਣ* ਅਤੇ ਬਰਕਤ *ਹਾਸਲ ਕਰਨ* ਲਈ ਕੀਤੇ ਕੰਮ ਵਿਚ ਫ਼ਰਕ ਵੇਖਿਆ ਹੈ। ਜੇ ਇਸਰਾਏਲੀ ਕਿਲੇ ਦੀ ਕੰਧ ਤੋੜਨ ਦੇ ਔਜ਼ਾਰ ਨਾਲ ਕੰਧਾਂ ਨੂੰ *ਡੇਗ ਦਿੰਦੇ,* ਤਾਂ ਇਹ ਬਰਕਤ *ਹਾਸਲ ਕਰਨ* ਦਾ ਕੰਮ ਹੁੰਦਾ। ਇਹਦੇ ਉਲਟ ਉਨ੍ਹਾਂ ਨੇ ਉਮੀਦ ਕੀਤਾ ਹੋਇਆ ਹੱਲ ਅਤੇ ਆਪਣੇ ਕੰਮ ਵਿਚ ਕੋਈ ਸਬੰਧ ਨਾ ਵੇਖ ਕੇ ਵਿਸ਼ਵਾਸ ਨਾਲ ਕੰਮ ਕੀਤਾ। ਉਨ੍ਹਾਂ ਨੇ ਬਰਕਤ *ਪਾਉਣ ਲਈ* ਇਸ ਵਿਸ਼ਵਾਸ ਨਾਲ ਕਿ ਪ੍ਰਮੇਸ਼ਵਰ ਉਨ੍ਹਾਂ ਕੰਧਾਂ ਨੂੰ ਡੇਗ ਦੇਵੇਗਾ, ਸ਼ਹਿਰ ਪਨਾਹ ਦੇ ਚਾਰੇ ਪਾਸੇ ਚੱਕਰ ਕੱਟੇ। ਉਨ੍ਹਾਂ ਦਾ ਵਿਸ਼ਵਾਸ ਆਪਣੇ ਕੰਮਾਂ ਵਿਚ ਨਹੀਂ ਸਗੋਂ ਪ੍ਰਮੇਸ਼ਵਰ ਵਿਚ ਸੀ।

ਯਹੋਸ਼ੁਆ ਅਤੇ ਇਸਰਾਏਲੀਆਂ ਨੂੰ ਇਹ ਸਮਝਣ ਦੀ ਲੋੜ ਨਹੀਂ ਸੀ ਕਿ ਪ੍ਰਮੇਸ਼ਵਰ ਨੇ ਸ਼ਹਿਰ ਦੇ ਚੱਕਰ ਲਾਉਣ, ਜੈਕਾਰੇ ਲਾਉਣ ਅਤੇ ਨਰਸਿੰਗੇ ਫੂਕਣ ਲਈ ਕਿਉਂ ਕਿਹਾ ਸੀ। ਪਰ ਵਿਸ਼ਵਾਸ ਰੱਖਣ ਲਈ ਉਨ੍ਹਾਂ ਵਾਸਤੇ ਇਹ ਸਮਝ ਹੋਣਾ ਜ਼ਰੂਰੀ ਸੀ ਕਿ ਪ੍ਰਮੇਸ਼ਵਰ ਸ਼ਹਿਰਪਨਾਹ ਨੂੰ ਡੇਗਣ ਦਾ ਵਾਅਦਾ ਕਰ ਰਿਹਾ ਹੈ। ਜੇ ਉਹ ਪ੍ਰਮੇਸ਼ਵਰ ਦੇ ਵਾਅਦੇ ਨੂੰ ਸਮਝੇ ਬਿਨਾਂ ਕੰਮ ਕਰਦੇ ਜਾਂ ਕਿਸੇ ਹੋਰ ਮਕਸਦ ਲਈ ਸ਼ਹਿਰ ਦੇ ਆਲੇ ਦੁਆਲੇ ਚੱਕਰ ਲਾਉਂਦੇ (ਜਿਵੇਂ ਕਸਰਤ ਕਰਨ ਜਾਂ ਦੌੜਨ ਲਈ ਅਭਿਆਸ ਕੀਤਾ ਜਾਂਦਾ ਹੈ), ਤਾਂ ਉਨ੍ਹਾਂ ਦਾ ਕੰਮ ਕੰਧਾਂ ਨੂੰ ਡੇਗਣ ਲਈ ਪ੍ਰਮੇਸ਼ਵਰ ਵਿਚ ਵਿਸ਼ਵਾਸ ਰੱਖ ਕੇ ਨਹੀਂ ਹੋਣਾ ਸੀ। ਜੇ ਉਹ ਸ਼ਹਿਰ ਦੇ ਚਾਰੇ ਪਾਸੇ ਚੱਕਰ ਲਾਉਂਦੇ, ਪਰ ਵਾਅਦਾ ਪ੍ਰਾਪਤ ਕਰਨ ਲਈ ਨਹੀਂ, ਤਾਂ ਉਨ੍ਹਾਂ ਦਾ ਕੰਮ ਵਾਅਦੇ ਨਾਲ ਜੁੜਿਆ ਨਹੀਂ ਹੋਣਾ ਸੀ ਅਤੇ ਉਨ੍ਹਾਂ ਦੇ ਕੰਮ ਦੇ ਅਧਾਰ ਤੇ ਉਹਦੇ ਵਾਅਦੇ ਨੂੰ ਪੂਰਾ ਕਰਨ ਲਈ

ਵਿਸ਼ਵਾਸ ਦਾ ਕੰਮ ਨਹੀਂ ਹੋਣਾ ਸੀ। ਸ਼ਹਿਰ ਦੀਆਂ ਕੰਧਾਂ ਨੂੰ ਡੇਗਣ ਲਈ ਪ੍ਰਮੇਸ਼ਵਰ ਵਿਚ ਉਨ੍ਹਾਂ ਦੇ ਵਿਸ਼ਵਾਸ ਦੇ ਕਾਰਣ ਹੀ ਉਹਨੇ ਕੰਧਾਂ ਡੇਗੀਆਂ। ਇਸ ਲਈ ਇਸ ਦਾ ਮਤਲਬ ਇਹ ਹੈ ਕਿ ਜੇ ਉਹ ਵਿਸ਼ਵਾਸ ਦੇ ਬਿਨਾਂ ਕੰਧਾਂ ਦਾ ਚੱਕਰ ਲਾਉਂਦੇ, ਤਾਂ ਪ੍ਰਮੇਸ਼ਵਰ ਨੇ ਉਨ੍ਹਾਂ ਕੰਧਾਂ ਨੂੰ ਨਹੀਂ ਡੇਗਣਾ ਸੀ।

ਇਬਰਾਨੀਆਂ 11 ਵਿਚ ਵਿਸ਼ਵਾਸ ਦੀਆਂ ਹੋਰ ਵੀ ਉਦਾਹਰਣਾਂ ਮਿਲਦੀਆਂ ਹਨ, ਪਰ ਇਹ ਵਿਖਾਉਣ ਲਈ ਇਨੀਆਂ ਹੀ ਕਾਫ਼ੀ ਹਨ ਕਿ:

(1) ਜਦ ਪ੍ਰਮੇਸ਼ਵਰ ਨੇ ਬਰਕਤ ਦੇਣ ਲਈ ਉਸ ਵਿਚ ਵਿਸ਼ਵਾਸ ਕਰਨ ਦੀ ਸ਼ਰਤ ਰੱਖੀ, ਤਾਂ ਉਸ ਬਰਕਤ ਨੂੰ ਪਾਉਣ ਲਈ ਬਿਨਾਂ ਸੋਚੇ ਸਮਝੇ ਹੁਕਮ ਮੰਨਣ ਨਾਲੋਂ ਵੱਧ ਵਿਸ਼ਵਾਸ ਹੋਣਾ ਜ਼ਰੂਰੀ ਸੀ।

(2) ਪ੍ਰਮੇਸ਼ਵਰ ਵਿਚ ਵਿਸ਼ਵਾਸ ਰੱਖ ਕੇ ਕੰਮ ਕਰਨ ਵਾਲਿਆਂ ਨੂੰ ਉਸ ਕੰਮ ਅਤੇ ਬਰਕਤ ਵਿਚ ਸਬੰਧ ਦੀ ਸਮਝ ਨਹੀਂ ਹੁੰਦੀ ਸੀ, ਪਰ ਉਨ੍ਹਾਂ ਨੂੰ ਇਨੀ ਸਮਝ ਸੀ ਕਿ ਜੇ ਉਹ ਕੰਮ ਕਰਦੇ ਹਨ ਤਾਂ ਉਸ ਲਈ ਪ੍ਰਮੇਸ਼ਵਰ ਦਾ ਕੀ ਵਾਅਦਾ ਹੈ।

(3) ਕਈ ਵਾਰ ਆਪਣੇ ਹੀ ਕੰਮ ਨਾਲ ਟੀਚਾ ਪ੍ਰਾਪਤ ਕਰਨ ਲਈ ਵਿਸ਼ਵਾਸ ਜ਼ਰੂਰੀ ਹੁੰਦਾ ਹੈ।

(4) ਕਈ ਵਾਰ ਪ੍ਰਮੇਸ਼ਵਰ ਵੱਲੋਂ ਦਿੱਤੀ ਜਾਣ ਵਾਲੀ ਬਰਕਤ ਲਈ ਨਤੀਜਾ ਹਾਸਲ ਕਰਨ ਵਾਲੇ ਕੰਮ ਦੇ ਬਜਾਏ ਵਿਸ਼ਵਾਸ ਦੀ ਹੀ ਲੋੜ ਹੁੰਦੀ ਸੀ।

(5) ਪ੍ਰਮੇਸ਼ਵਰ ਵਿਸ਼ਵਾਸ ਚਾਹੁੰਦਾ ਸੀ ਜੋ ਉਹਦੇ ਵਚਨ ਨੂੰ ਪੂਰਾ ਕਰਨ ਦੇ ਉਹਦੇ ਵਾਅਦੇ ਦੇ ਅਧਾਰ ਤੇ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੋਵੇ।

## ਬਲਿਦਾਨਾਂ ਦਾ ਅਰਥ

ਪੁਰਾਣੇ ਨੇਮ ਵਿਚ ਕੁਰਬਾਨੀ ਲਿਆਉਣ ਵਾਲੇ ਨੂੰ ਨਾ ਸਿਰਫ਼ ਇਹ ਸਮਝ ਹੁੰਦੀ ਸੀ ਕਿ ਕਿਹੜੀ ਕੁਰਬਾਨੀ ਕਿਸ ਲਈ ਦਿੱਤੀ ਜਾਣੀ ਹੈ, ਸਗੋਂ ਉਸ ਨੂੰ ਆਪਣੀ ਕੁਰਬਾਨੀ ਦੇ ਵਿਸ਼ੇਸ਼ ਅਰਥ ਜਾਂ ਮਕਸਦ ਦੀ ਵੀ ਸਮਝ ਹੁੰਦੀ ਸੀ।

ਇਸਰਾਏਲ ਵਿਚ ਵੱਖ ਵੱਖ ਕੁਰਬਾਨੀਆਂ ਚੜ੍ਹਾਉਣ ਦੇ ਵੱਖ-ਵੱਖ ਉਦੇਸ਼ ਸਨ। ਘੱਟੋ ਘੱਟ ਪੰਜ ਤਰ੍ਹਾਂ ਦੀਆਂ ਕੁਰਬਾਨੀਆਂ ਦਿੱਤੀਆਂ ਜਾ ਸਕਦੀਆਂ ਸਨ: (1) ਹੋਮ ਬਲੀ (ਲੇਵੀਆਂ ਦੀ ਪੋਥੀ 1); (2) ਅੰਨ ਬਲੀ (ਲੇਵੀਆਂ ਦੀ ਪੋਥੀ 2); (3) ਸੁੱਖਸਾਂਦ ਦੀ ਬਲੀ (ਲਵੀਆਂ 3); (4) ਪਾਪ ਦੀ ਬਲੀ (ਲੇਵੀਆਂ 4); ਅਤੇ (5) ਦੋਸ਼ ਦੀ ਬਲੀ (ਲੇਵੀਆਂ 5)। ਪਹਿਲੇ ਫ਼ਲ, ਬੱਚੇ ਦੇ ਜਨਮ, ਬਿਮਾਰੀ ਤੋਂ ਚੰਗਾਈ ਅਤੇ ਯਾਜਕ ਦੇ ਚੁਣੇ ਜਾਣ ਵਰਗੇ ਮੌਕਿਆਂ ਤੇ ਵੀ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਸਨ। ਹਰੇਕ ਕੁਰਬਾਨੀ ਦੀ ਵੱਖਰੀ ਪਛਾਣ ਹੁੰਦੀ ਸੀ ਭਾਵ ਹਰੇਕ ਕੁਰਬਾਨੀ ਦਾ ਖ਼ਾਸ ਮਕਸਦ ਹੁੰਦਾ ਸੀ।

ਮਕਸਦ ਕੁਰਬਾਨੀ ਦਾ ਇਕ ਜ਼ਰੂਰੀ ਹਿੱਸਾ ਹੁੰਦਾ ਸੀ। ਅਨਜਾਣੇ ਵਿਚ ਪਾਪ ਕਰਨ ਵਾਲੇ ਵਿਅਕਤੀ ਲਈ ''ਉਸ ਪਾਪ ਦੇ ਕਾਰਣ'' ਜੋ ਉਸ ਨੇ ਕੀਤਾ ਹੁੰਦਾ ਸੀ, ਇਕ ਪਸ਼ੂ ਲਿਆਉਣਾ ਜ਼ਰੂਰੀ ਹੁੰਦਾ ਸੀ (ਲੇਵੀਆਂ 4:28)। ਉਹ ਹੋਰ ਮਕਸਦਾਂ ਲਈ ਵੀ ਕੁਰਬਾਨੀਆਂ ਲਿਆ ਸਕਦਾ ਸੀ, ਪਰ ਪਾਪ ਦੀ ਬਲੀ ਦੇ ਮਾਮਲੇ ਵਿਚ ਉਸ ਨੂੰ *ਓਸੇ ਪਾਪ ਲਈ* ਕੁਰਬਾਨੀ ਲਿਆਉਣੀ ਹੁੰਦੀ ਸੀ ਜਿਹੜਾ ਉਸ ਨੇ ਕੀਤਾ ਹੋਵੇ। ਸਿਰਫ਼ ਇਸ ਵਾਸਤੇ ਕੁਰਬਾਨੀ ਦੇਣਾ ਕਿ ਪ੍ਰਮੇਸ਼ਵਰ ਨੇ

ਉਹਦਾ ਹੁਕਮ ਦਿੱਤਾ ਹੈ, ਕਾਫ਼ੀ ਨਹੀਂ ਸੀ। ਬਲੀਦਾਨ ਜਾਂ ਕੁਰਬਾਨੀ ਓਸੇ ਪਾਪ ਲਈ ਦੇਣੀ ਹੁੰਦੀ ਸੀ ਜਿਹੜਾ ਪਾਪ ਕੀਤਾ ਗਿਆ ਹੋਵੇ। ਜੇ ਕਿਸੇ ਨੇ ਕੁਰਬਾਨੀ ਤਾਂ ਦੇ ਦਿੱਤੀ ਹੋਵੇ ਪਰ ਸਹੀ ਕਾਰਣ ਨਾਲ ਨਹੀਂ, ਤਾਂ ਉਹ ਕੁਰਬਾਨੀ ਦੇ ਕੇ ਪ੍ਰਮੇਸ਼ਵਰ ਦੀ ਆਗਿਆ ਮੰਨਣਾ ਨਹੀਂ ਸਗੋਂ ਮਕਸਦ ਲਈ ਕੁਰਬਾਨੀ ਨਾ ਦੇ ਕੇ ਪ੍ਰਮੇਸ਼ਵਰ ਦੇ ਹੁਕਮ ਦਾ ਉਲੰਘਣ ਵੀ ਹੁੰਦਾ ਸੀ।

*ਕਿਸੇ ਕੰਮ ਦੇ ਪਿੱਛੇ ਮਕਸਦ ਵਿਸ਼ਵਾਸ ਅਤੇ ਹੁਕਮ ਮੰਨਣ ਲਈ ਜ਼ਰੂਰੀ ਸੀ। ਗਲਤ ਮਕਸਦ ਨਾਲ ਸਹੀ ਕੰਮ ਕਰਨ ਵਾਲਾ ਵਿਅਕਤੀ ਓਨਾਂ ਹੀ ਹੁਕਮ ਤੋੜਨ ਵਾਲਾ ਹੁੰਦਾ ਹੈ ਜਿੰਨਾ ਗਲਤ ਕੰਮ ਕਰਨ ਵਾਲਾ ਜਾਂ ਜਿਹੜਾ ਬਿਲਕੁਲ ਹੀ ਕੰਮ ਨਾਲ ਕਰਦਾ ਹੋਵੇ।*

## ਮਨ ਅਤੇ ਬਲੀਦਾਨ

ਇਕ ਹੋਰ ਮਹੱਤਵਪੂਰਣ ਵਿਚਾਰ ਕੁਰਬਾਨੀ ਦੇਣ ਵਾਲੇ ਦਾ ਵਿਹਾਰ ਹੈ। ਪ੍ਰਮੇਸ਼ਵਰ ਨੇ ਕੁਰਬਾਨੀ ਦੇਣ ਦਾ ਹੁਕਮ ਵਿਅਰਥ ਧਾਰਮਿਕ ਰੀਤ ਅਤੇ ਖਾਨਾਪੂਰਤੀ ਲਈ ਨਹੀਂ ਦਿੱਤਾ ਸੀ ਕਿ ਸਿਰਫ਼ ਉਸ ਦਾ ਹੁਕਮ ਹੀ ਮੰਨਿਆ ਜਾਵੇ। ਸਾਫ਼ ਹੈ ਕਿ ਕੁਰਬਾਨੀਆਂ ਅਤੇ ਭੇਂਟਾਂ ਲਿਆਉਣ ਵਾਲਿਆਂ ਤੋਂ ਪ੍ਰਮੇਸ਼ਵਰ ਇਹੀ ਉਮੀਦ ਕਰਦਾ ਸੀ ਕਿ ਉਨ੍ਹਾਂ ਨੂੰ ਇਸ ਦੇ ਅਰਥ ਅਤੇ ਉਦੇਸ਼ ਦੀ ਵੀ ਸਮਝ ਹੋਵੇ। *ਨਾ* ਸਮਝਣ ਵਾਲੇ ਅਤੇ ਦਿਲੋਂ ਕੁਰਬਾਨੀ *ਨਾ* ਲਿਆਉਣ ਵਾਲੇ ਪ੍ਰਮੇਸ਼ਵਰ ਦੀ ਗੱਲ ਨੂੰ ਓਵੇਂ ਹੀ ਨਹੀਂ ਮੰਨਦੇ ਜਿਵੇਂ ਉਹ ਚਾਹੁੰਦਾ ਸੀ ਕਿ ਉਹ ਮੰਨਣ।

ਪ੍ਰਮੇਸ਼ਵਰ ਸਿਰਫ਼ ਕੁਰਬਾਨੀ ਤੋਂ ਖ਼ੁਸ਼ ਨਹੀਂ ਹੁੰਦਾ ਸੀ ਸਗੋਂ ਉਹਦੀ ਖੁਸ਼ੀ ਟੁੱਟੇ ਹੋਏ ਮਨ ਅਤੇ ਕੁਰਬਾਨੀ ਕਰਨ ਵਾਲੇ ਦੇ ਪਸ਼ਚਾਤਾਪੀ ਮਨ ਨੂੰ ਚਾਹੁਣ ਦੀ ਸੀ:

> ਤੂੰ ਤਾਂ ਬਲੀਦਾਨ ਨਾਲ ਪਰਸੰਨ ਨਹੀਂ ਹੁੰਦਾ, ਨਹੀਂ ਤਾਂ ਮੈਂ ਉਹ ਦਿੰਦਾ, ਹੋਮ ਬਲੀ ਤੋਂ ਤੂੰ ਖੁਸ਼ ਨਹੀਂ ਹੁੰਦਾ। ਪ੍ਰਮੇਸ਼ਵਰ ਦਾ ਬਲੀਦਾਨ ਟੁੱਟਾ ਹੋਇਆ ਆਤਮਾ ਹੈ, ਹੇ ਪ੍ਰਮੇਸ਼ਵਰ, ਟੁੱਟੇ ਅਤੇ ਆਜਿਜ਼ ਦਿਲ ਨੂੰ ਤੂੰ ਤੁੱਛ ਨਾ ਜਾਣੇਂਗਾ (ਜ਼ਬੂਰਾਂ ਦੀ ਪੋਥੀ 51:16, 17)।

ਕੋਈ ਵੀ ਨਰਮ ਦਿਲ ਇਨਸਾਨ ਕਿਸੇ ਨਿਰਦੋਸ਼ ਅਤੇ ਬੇਕਸੂਰ ਪਸ਼ੂ ਦੇ ਕਤਲ ਦੀ ਗੱਲ ਸੋਚ ਕੇ ਕਿ ਇਹ ਉਹਦੇ ਪਾਪ ਦੇ ਕਾਰਣ ਮਾਰਿਆ ਜਾ ਰਿਹਾ ਹੈ, ਅੰਦਰੇ-ਅੰਦਰ ਦਰਦ ਮਹਿਸੂਸ ਕਰਦਾ ਸੀ। ਇਸ ਨਾਲ ਉਸ ਨੂੰ ਆਪਣੇ ਰਾਹ ਸਿੱਧੇ ਕਰਨ ਦੀ ਪ੍ਰੇਰਣਾ ਮਿਲਦੀ ਸੀ। ਬਹੁਤ ਸਾਰੀਆਂ ਆਇਤਾਂ ਤੋਂ ਪਤਾ ਲਗਦਾ ਹੈ ਕਿ ਬਲੀਦਾਨ ਲੈਣ ਦਾ ਮਤਲਬ ਇਹ ਨਹੀਂ ਸੀ ਕਿ ਪ੍ਰਮੇਸ਼ਵਰ ਬਲੀਦਾਨਾਂ ਤੋਂ ਖੁਸ਼ ਹੁੰਦਾ ਸੀ ਸਗੋਂ ਉਹਦੀ ਖੁਸ਼ੀ ਤਾਂ ਇਸ ਗੱਲ ਵਿਚ ਸੀ ਕਿ ਕੁਰਬਾਨੀ ਲਿਆਉਣ ਵਾਲੇ ਦਾ ਮਕਸਦ ਅਤੇ ਮਨ ਸਹੀ ਹੋਵੇ (ਜ਼ਬੂਰ 40:6-8; 51:16,17; ਯਸਾਯਾਹ 1:10-14; 66:3; ਯਿਰਮਿਯਾਹ 6:19, 20; 7:22, 23; ਹੋਸ਼ੇਆ 6:6; ਆਮੋਸ 5:21-24; ਮੀਕਾਹ 6:6-8)।

''ਵੇਖ, ਤੂੰ ਅੰਦਰਲੀ ਸਚਿਆਈ ਚਾਹੁੰਦਾ ਹੈਂ, ...'' (ਜ਼ਬੂਰ 51:6)। ਸੱਚੇ ਦਿਲੋਂ ਕੀਤੇ ਗਏ ਬਲੀਦਾਨ ਤੋਂ ਪ੍ਰਮੇਸ਼ਵਰ ਖੁਸ਼ ਹੁੰਦਾ ਹੈ (ਕਹਾਉਤਾਂ 16:2; 21:2)।

## ਸਾਰ

ਕੁਝ ਕੁ ਮਾਮਲਿਆਂ ਵਿਚ ਹੀ ਪ੍ਰਮੇਸ਼ਵਰ ਬਿਨਾਂ ਸੋਚੇ ਸਮਝੇ ਜਾਂ ਅੱਖਾਂ ਮੀਟ ਕੇ ਵਿਸ਼ਵਾਸ ਕਰਨ ਲਈ ਕਹਿੰਦਾ ਸੀ, ਪਰ ਆਮ ਤੌਰ ਤੇ ਉਹ ਚਾਹੁੰਦਾ ਸੀ ਕਿ ਉਸ ਵਿਚ ਉਹਦੇ ਵਾਅਦੇ ਦੇ ਅਨੁਸਾਰ ਵਿਸ਼ਵਾਸ ਕੀਤਾ ਜਾਵੇ। ਅਜਿਹੇ ਵਿਸ਼ਵਾਸ ਲਈ ਨਾ ਸਿਰਫ਼ ਸਹੀ ਕੰਮ ਸਗੋਂ ਪ੍ਰਮੇਸ਼ਵਰ ਦੀ ਇੱਛਾ ਦੀ ਸਮਝ ਹੋਣਾ ਵੀ ਜ਼ਰੂਰੀ ਸੀ, ਕਿ ਜੋ ਉਹਨੇ ਵਾਅਦਾ ਕੀਤਾ ਸੀ ਉਸ ਉੱਤੇ ਭਰੋਸੇ ਨਾਲ ਮਨ ਦੀ ਸਹੀ ਇੱਛਾ ਅਤੇ ਵਿਹਾਰ ਹੋਣਾ ਵੀ ਜ਼ਰੂਰੀ ਹੈ।